# ਜੋਨਲ ਫੁੱਟਬਾਲ ਟੂਰਨਾਮੈਂਟ ਬੁੱੜੇਵਾਲ ਪਬਲਿਕ ਸਕੂਲ ਲੁਧਿਆਣਾ ਨੇ 3-0 ਨਾਲ ਜਿੱਤਿਆ

ਲੁਧਿਆਣਾ 20 ਜਨਵਰੀ (ਡਾ. ਕਮਲ): ਅਖਿਲ ਭਾਰਤੀ ਟਾਟਾ ਟੀ ਜਾਗੋ ਰੇ ਇੰਟਰ ਮਿਲਾਨ ਸਾਕਰ ਸਟਾਰਜ਼ ਦੇ 5ਵੇਂ ਭਾਗ ਦਾ ਅਯੋਜਨ ਅੱਜ ਨਿਰਮਲ ਸਪੋਰਟਸ ਕੰਪਲੈਕਸ, ਸੈਕਟਰ –38, ਲੁਧਿਆਣਾ ਦੇ ਫੁੱਟਬਾਲ ਸਟੇਡੀਅਮ 'ਚ ਕੀਤਾ ਗਿਆ। 32 ਸਕੂਲਾਂ ਅਤੇ 350 ਤੋਂ ਜ਼ਿਆਦਾ ਬੱਚਿਆਂ ਨੇ ਇਸ ਟੂਰਨਾਮੈਂਟ 'ਚ ਭਾਗ ਲਿਆ। ਲੁਧਿਆਣਾ ਜੋਨਲ ਫੁੱਟਬਾਲ ਟੂਰਨਾਮੈਂਟ ਫਾਈਨਲ ਬੁੱੜੇਵਾਲ ਪਬਲਿਕ ਸਕੂਲ ਅਤੇ ਟੈਗੋਰ ਇੰਟਰਨੈਸ਼ਨਲ ਸਕੂਲ ਵਿਚਕਾਰ ਖੇਡਿਆ ਗਿਆ। ਬੁੱੜੇਵਾਲ ਪਬਲਿਕ ਸਕੂਲ ਨੇ ਟੈਗੋਰ ਇੰਟਰਨੈਸ਼ਨਲ ਸਕੂਲ ਨੂੰ 3–0 ਨਾਲ ਹਰਾ ਕੇ ਫਾਈਨਲ ਜਿੱਤ ਲਿਆ। ਬੁੱੜੇਵਾਲ ਪਬਲਿਕ ਸਕੂਲ ਦੀ ਤਰਫ ਤੋਂ ਆਸ਼ੀਸ਼ ਨੇ 2 ਅਤੇ ਸੁਖਮਨ ਨੇ ਇਕ ਗੋਲ ਕੀਤਾ। ਇਸ ਤੋਂ ਪਹਿਲਾਂ ਸੈਮੀ ਫਾਈਨਲ ਵਿਚ ਬੁੱੜੇਵਾਲ ਪਬਲਿਕ ਸਕੂਲ ਦਾ ਮੁਕਾਬਲਾ ਅੱਜ ਰੇਯਾਨ ਇੰਟਰਨੈਸ਼ਨਲ ਸਕੂਲ ਨਾਲ ਅਤੇ ਟੈਗੋਰ ਇੰਟਰਨੈਸ਼ਨਲ ਸਕੂਲ ਦਾ ਮੁਕਾਬਲਾ ਜੀਐਸਐਸਐਸ ਜਿੰਦਾਲੀ ਨਾਲ ਹੋਇਆ। ਬੁੱੜੇਵਾਲ ਪਬਲਿਕ ਸਕੂਲ ਨੇ ਰੇਯਾਨ ਇੰਟਰਨੈਸ਼ਨਲ ਸਕੂਲ ਨੂੰ 4 –0 ਨਾਲ ਹਰਾ ਕੇ ਫਾਈਨਲ ਵਿਚ ਆਪਣਾ ਸਥਾਨ ਪੱਕਾ ਕੀਤਾ। ਬੁੱੜੇਵਾਲ ਪਬਲਿਕ ਸਕੂਲ ਦੀ ਤਰਫ ਤੋਂ ਹਰਪਰੀਤ ਸਿੰਘ ਨੇ ਇੱਕ, ਸੋਨੂ ਨੇ 2 ਅਤੇ ਸੁਖਮਨ ਨੇ 1 ਗੋਲ ਕੀਤਾ। ਟੈਗੋਰ ਇੰਟਰਨੈਸ਼ਨਲ ਸਕੂਲ ਅਤੇ ਜੀਐਸਐਸਐਸ ਜਿੰਦਾਲੀ ਵਿਚਕਾਰ ਹੋਏ ਸੈਮੀ ਫਾਈਨਲ ਮੁਕਾਬਲੇ ਵਿੱਚ ਟੈਗੋਰ ਇੰਟਰਨੈਸ਼ਨਲ ਸਕੂਲ ਨੇ ਜੀਐਸਐਸਐਸ ਜਿੰਦਾਲੀ ਨੂੰ 1– 0 ਨਾਲ ਹਰਾਇਆ। ਟੈਗੋਰ ਇੰਟਰਨੈਸ਼ਨਲ ਸਕੂਲ ਦੀ ਤਰਫ ਤੋਂ ਹਰਿੰਦਰਦੀਪ ਸਿੰਘ ਨੇ 1 ਗੋਲ ਕੀਤਾ। ਬੈਸਟ ਗੋਲਕੀਪਰ ਦਾ ਅਵਾਰਡ ਟੈਗੋਰ ਇੰਟਰਨੈਸ਼ਨਲ ਸਕੂਲ ਦੇ ਹਰਿੰਦਰ ਗਰੇਵਾਲ ਨੂੰ ਅਤੇ ਬੁੱੜੇਵਾਲ ਪਬਲਿਕ ਸਕੂਲ ਦੇ ਜਸਵਿੰਦਰ ਸਿੰਘ ਨੂੰ ਹਾਈਐਸਟ ਗੋਲ ਸਕੋਰਰ ਅਤੇ ਮੋਸਟ ਵੈਲਯੂਏਬਲ ਪਲੇਅਰ ਦਾ ਅਵਾਰਡ ਦੀਤਾ ਗਿਆ ਟੂਰਨਾਮੈਂਟ ਦੇ ਹੈਡ ਸਕਾਊਟ ਸ੍ਰੀ ਜਮਸ਼ਿਦ ਨਾਸਿਰੀ ਇਸ ਪੂਰੇ ਟੂਰਨਾਮੈਂਟ 'ਤੇ ਖਾਸ ਨਜ਼ਰ ਰੱਖ ਰਹੇ ਹਨ ਤਾਂ ਜੋ ਕਿ ਇਸ ਖੇਡ 'ਚ 10 ਤੋਂ 15 ਸਾਲ ਦੀ ਉਮਰ ਦੇ ਪ੍ਰਤਿਭਾਵਾਨ ਬੱਚਿਆਂ ਦੀ ਖੋਜ ਹੋ ਸਕੇ ਟਾਟਾ ਟੀ ਜਾਗੋ ਰੇ ਇੰਟਰ ਮਿਲਨ ਸਾਕਰ ਸਟਾਰਜ਼ ਇੱਕ ਪਹਿਲ ਹੈ ਜੋ ਦੇਸ਼ ਭਰ ਦੇ ਸ਼ਹਿਰਾਂ ਵਿਚ ਅਯੋਜਿਤ ਕੀਤੀ ਜਾ ਰਹੀ ਹੈ ਜਿਸ ਵਿਚ ਹੁਣ ਤੱਕ 5 ਸ਼ਹਿਰਾਂ ਦੇ 180 ਤੋਂ ਜਿਆਦਾ ਸਕੂਲ ਅਤੇ 1900 ਤੋਂ ਜਿਆਦਾ ਵਿੱਦਿਆਰਥੀ ਭਾਗ ਲੈ ਰਹੇ ਹਨ। ਇਸ ਪਹਿਲ ਦੀ ਸ਼ੁਰੂਆਤ 2007 ਵਿੱਚ ਹੋਈ ਸੀ ਜਿਸ ਦਾ ਉਦੇਸ਼ ਜ਼ਮੀਨੀ ਪੱਧਰ 'ਤੇ ਫੁੱਟਬਾਲ ਪ੍ਰਤਿਭਾਵਾਨ ਬੱਚਿਆਂ ਦੀ ਖੋਜ ਕਰਕੇ ਅਤੇ ਉਨ੍ਹਾਂ ਨੂੰ ਵਧਾਵਾ ਦੇ ਕੇ ਵਿਸ਼ਵਪੱਧਰੀ ਮੰਚ ਪ੍ਰਦਾਨ ਕਰਨਾ ਹੈ।

